# ਰਸਤੇ-ਦੇ-ਅਧਿਕਾਰਾਂ (rights-of-way) ਅਤੇ ਆਪਣੀ ਪ੍ਰਾਪਰਟੀ ਨੂੰ ਸਮਝਣਾ

**ਕੀ ਤੁਸੀਂ ਜਾਣਦੇ ਹੋ** ਕਿ ਤੁਹਾਡੇ ਯਾਰਡ ਦਾ ਕੁਝ ਹਿੱਸਾ ਰਸਤੇ-ਦੇ-ਅਧਿਕਾਰਾਂ ਦੇ ਨਾਲ ਬਣਿਆ ਹੋਇਆ ਹੈ, ਅਤੇ ਤੁਹਾਡੀ ਪ੍ਰਾਪਰਟੀ ਦੀ ਲਾਈਨ ਤੁਹਾਡੇ ਘਰ ਦੇ ਨਜ਼ਦੀਕ ਸੜਕ ਦੇ ਕਿਨਾਰੇ ਜਾਂ ਸਾਈਡਵੌਕ ਤੋਂ ਸ਼ੁਰੂ ਨਹੀਂ ਹੁੰਦੀ?

## ਸੜਕ ਦਾ ਰਸਤੇ-ਦਾ-ਅਧਿਕਾਰ

ਸਿਟੀ ਦੀਆਂ ਸਾਰੀਆਂ ਗਲੀਆਂ ਵਿਚ ਉਹ ਸ਼ਾਮਲ ਹੁੰਦਾ ਹੈ ਜਿਸ ਨੂੰ ***ਸੜਕ ਦਾ ਰਸਤੇ-ਦਾ-ਅਧਿਕਾਰ*** *(road right-of-way)* ਕਿਹਾ ਜਾਂਦਾ ਹੈ। ਸੜਕ ਦਾ ਰਸਤੇ-ਦਾ-ਅਧਿਕਾਰ ਇੱਕ ਅਜਿਹਾ ਖੇਤਰ ਹੈ ਜੋ ਸਿਟੀ ਨੂੰ ਸਟਰੀਟ ਲਾਈਟ ਦੇ ਖੰਭੇ ਅਤੇ ਪੌਦੇ ਲਗਾਉਣ ਵਰਗੇ ਕੰਮ ਕਰਨ ਲਈ ਜਗ੍ਹਾ ਦਿੰਦਾ ਹੈ। ਇਹ ਜਗ੍ਹਾ ਘੱਟ ਢੂੰਘੀਆਂ ਯੁਟਿਲਿਟੀਆਂ (ਜਿਵੇਂ ਗੈਸ, ਬਿਜਲੀ ਅਤੇ ਦੂਰ ਸੰਚਾਰ ਕੰਪਨੀਆਂ) ਨੂੰ ਉਹਨਾਂ ਦੇ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਬਣਾਉਣ ਅਤੇ ਬਣਾਈ ਰੱਖਣ ਲਈ ਵੀ ਜਗ੍ਹਾ ਦਿੰਦੀ ਹੈ।

ਜਿਸ ਕਮਿਊਨਿਟੀ ਵਿੱਚ ਤੁਸੀਂ ਰਹਿੰਦੇ ਹੋ, ਉਸ ਦੇ ਅਧਾਰ ਤੇ, ਤੁਹਾਡੇ ਯਾਰਡ ਵਿੱਚ ਰਸਤੇ-ਦੇ-ਅਧਿਕਾਰ ਵਾਲੀ ਜਗ੍ਹਾ ਵੱਖ-ਵੱਖ ਹੋਵੇਗੀ। ਘਰ ਦਾ ਮਾਲਕ ਹੋਣ ਦੇ ਨਾਤੇ, ਤੁਸੀਂ ਅਜੇ ਵੀ ਘਾਹ ਕੱਟਣ ਅਤੇ ਆਮ ਦੇਖਭਾਲ ਲਈ ਜ਼ਿੰਮੇਵਾਰ ਹੋ (ਤੁਹਾਡਾ ਧੰਨਵਾਦ), ਪਰ ਤਕਨੀਕੀ ਤੌਰ 'ਤੇ ਇਹ ਸੜਕ ਦੇ ਰਸਤੇ-ਦਾ-ਅਧਿਕਾਰ ਹੈ ਅਤੇ ਇਸ ਨੂੰ ਜਨਤਕ ਜ਼ਮੀਨ ਮੰਨਿਆ ਜਾਂਦਾ ਹੈ। ਇਸਦਾ ਅਰਥ ਹੈ ਕਿ ਘੱਟ ਢੂੰਘੀਆਂ ਯੁਟਿਲਿਟੀਆਂ ਇਸ ਜਗ੍ਹਾ ਤੱਕ ਪਹੁੰਚ ਪ੍ਰਾਪਤ ਕਰਨ ਲਈ ਸਿਟੀ ਪਰਮਿਟ ਲਈ ਬੇਨਤੀ ਕਰ ਸਕਦੀਆਂ ਹਨ।

## ਯੁਟਿਲਿਟੀ ਦਾ ਰਸਤੇ-ਦਾ-ਅਧਿਕਾਰ

ਇੱਕ ***ਯੁਟਿਲਿਟੀ ਦਾ ਰਸਤੇ-ਦਾ-ਅਧਿਕਾਰ*** *(utility right-of-way)* ਇੱਕ ਪ੍ਰਾਪਰਟੀ ਦੇ ਮਾਲਕ ਦੁਆਰਾ ਸਿਟੀ ਨੂੰ ਦਿੱਤੀ ਗਈ ਇਕ ਸਹੂਲਤ ਹੈ, ਜੋ ਕਿ ਘੱਟ ਢੂੰਘੀਆਂ ਯੁਟਿਲਿਟੀਆਂ ਨੂੰ ਜ਼ਮੀਨ ਦੇ ਉੱਪਰ ਅਤੇ ਹੇਠਾਂ ਦੋਨਾਂ ਜਗ੍ਹਾ 'ਤੇ ਉਨ੍ਹਾਂ ਦੇ ਬੁਨਿਆਦੀ ਢਾਂਚੇ ਨੂੰ ਰੱਖਣ ਲਈ ਜਗ੍ਹਾ ਦਿੰਦੀ ਹੈ। ਸਾਰੀਆਂ ਪ੍ਰਾਪਰਟੀਆਂ ਵਿੱਚ ਸੜਕ ਦਾ ਰਸਤੇ-ਦਾ-ਅਧਿਕਾਰ ਸ਼ਾਮਲ ਹੁੰਦਾ ਹੈ, ਪਰ ਸਿਰਫ ਕੁਝ ਪ੍ਰਾਪਰਟੀਆਂ ਵਿੱਚ ਯੁਟਿਲਿਟੀਆਂ ਦਾ ਰਸਤੇ-ਦਾ-ਅਧਿਕਾਰ ਹੁੰਦਾ ਹੈ।

ਜ਼ਿਆਦਾਤਰ ਮਾਮਲਿਆਂ ਵਿੱਚ, ਯੁਟਿਲਿਟੀ ਦਾ ਰਸਤੇ-ਦਾ-ਅਧਿਕਾਰ ਤੁਹਾਡੀ ਪ੍ਰਾਪਰਟੀ ਲਾਈਨ ਤੋਂ ਸ਼ੁਰੂ ਹੁੰਦਾ ਹੈ ਅਤੇ ਤੁਹਾਡੇ ਘਰ ਵੱਲ, ਅੰਦਰ ਵੱਲ ਜਾਂਦਾ ਹੈ। ਉਸ ਦਾ ਸਥਾਨ ਪ੍ਰਾਪਰਟੀਆਂ ਦੇ ਵਿਚਕਾਰ ਵੱਖਰਾ ਹੁੰਦਾ ਹੈ ਅਤੇ ਇਹ ਤੁਹਾਡੇ ਘਰ ਦੇ ਪਾਸੇ ਦੇ ਨਾਲ ਜਾਂ ਪਿਛਲੇ ਪਾਸੇ ਵੀ ਸਥਿਤ ਹੋ ਸਕਦਾ ਹੈ।

ਇੱਥੇ ਉਹ ਥਾਂਵਾਂ ਹਨ ਜਿੱਥੇ ਸੜਕ ਅਤੇ ਯੁਟਿਲਿਟੀਆਂ ਦੇ ਰਸਤੇ-ਦੇ-ਅਧਿਕਾਰਾਂ ਦੀਆਂ ਹੱਦਾਂ ਆਮ ਤੌਰ ਤੇ ਤੁਹਾਡੀ ਪ੍ਰਾਪਰਟੀ ਤੇ ਸਥਿਤ ਹੁੰਦੀਆਂ ਹਨ:




21-0012400 ADV-8000

ਵਧੇਰੇ ਜਾਣਕਾਰੀ ਲਈ ਜਾਂ ਇਹ ਪਤਾ ਲਗਾਉਣ ਲਈ ਕਿ ਤੁਹਾਡੀ ਪ੍ਰਾਪਰਟੀ 'ਤੇ ਰਸਤੇ-ਦਾ-ਅਧਿਕਾਰ ਕਿੱਥੇ ਸਥਿਤ ਹੈ, **calgary.ca/ROW** 'ਤੇ ਜਾਓ।